ਪੜ੍ਹੋ ਪੰਜਾਬ

ਪੜ੍ਹਾਓ ਪੰਜਾਬ

ਪ੍ਰੀ-ਪ੍ਰਾਇਮਰੀ ਸ਼੍ਰੇਣੀਆਂ ਲਈ



# ਹੱਸਣਾ ਮਨ੍ਹਾ ਹੈ

ਸਕੂਲ ਸਿੱਖਿਆ ਵਿਭਾਗ, ਪੰਜਾਬ

ਪੜ੍ਹੋ ਪੰਜਾਬ

ਪੜ੍ਹਾਓ ਪੰਜਾਬ

ਪ੍ਰੀ-ਪ੍ਰਾਇਮਰੀ ਸ਼੍ਰੇਣੀਆਂ ਲਈ

# ਹੱਸਣਾ ਮਨ੍ਹਾ ਹੈ


ਲੇਖਕ
ਸ਼ੇਰਿਲ ਰਾਵ

ਪੰਜਾਬੀ ਅਨੁਵਾਦ
ਪਵਨਦੀਪ ਕੌਰ

ਚਿੱਤਰ
ਸੌਰਭ ਪਾਂਡੇ

ਚਿੱਤਰ ਸੰਪਾਦਕ
ਪਵਨਦੀਪ ਕੌਰ



ਟਿੰਕੂ ਅਤੇ ਪ੍ਰੀਤੀ ਚੰਗੇ ਦੋਸਤ ਹਨ। ਉਹ ਇਕੱਠੇ ਖੇਡਦੇ-ਕੁੱਦਦੇ ਹਨ। ਘਰ ਦੇ ਰਸਤੇ ਵਿੱਚ ਦੌੜ ਲਗਾਉਂਦੇ ਹਨ।



ਪ੍ਰੀਤੀ ਹਮੇਸ਼ਾ ਖ਼ੁਸ਼ ਰਹਿੰਦੀ ਹੈ।

ਇੱਕ ਦਿਨ ਪ੍ਰੀਤੀ ਹੌਲ਼ੀ ਜਿਹੇ ਆਪਣੀ ਜਮਾਤ ਵਿੱਚ ਆ ਕੇ ਬੈਠ ਗਈ। ਉਸਦਾ ਸਿਰ ਝੁਕਿਆ ਹੋਇਆ ਸੀ। ਉਹ ਉਦਾਸ ਲੱਗ ਰਹੀ ਸੀ।



"ਕੀ ਤੈਨੂੰ ਕਿਸੇ ਨੇ ਝਿੜਕਿਆ?" ਟਿੰਕੂ ਨੇ ਪੁੱਛਿਆ। ਪ੍ਰੀਤੀ ਨੇ ਆਪਣਾ ਸਿਰ ਨਾਂਹ ਵਿਚ ਹਿਲਾਇਆ ਅਤੇ ਬੈਠ ਗਈ।

ਫਿਰ ਸੋਨਾ ਦੀਦੀ ਨੇ ਉਸ ਨੂੰ ਬੁਲਾਇਆ, "ਪ੍ਰੀਤੀ?" ਪ੍ਰੀਤੀ ਨੇ ਨਾ ਸਿਰ ਚੁੱਕ ਕੇ ਵੇਖਿਆ ਅਤੇ ਨਾ ਹੀ ਹਾਜ਼ਰੀ ਬੋਲੀ।

"ਪ੍ਰੀਤੀ?" ਇਸ ਵਾਰ ਸੋਨਾ ਦੀਦੀ ਨੇ ਸ਼ਬਦਾਂ 'ਤੇ ਕੁੱਝ ਜ਼ੋਰ ਦਿੰਦਿਆਂ ਕਿਹਾ। ਹੁਣ ਪ੍ਰੀਤੀ ਨੇ ਆਪਣਾ ਹੱਥ ਖੜ੍ਹਾ ਕਰ ਦਿੱਤਾ।



ਦੀਦੀ ਨੇ ਉਸ ਵੱਲ ਦੇਖਿਆ।

"ਕੀ ਤੁਹਾਡੇ ਗਲ਼ੇ ਵਿੱਚ ਦਰਦ ਹੈ?" ਦੀਦੀ ਨੇ ਪੁੱਛਿਆ।

ਪ੍ਰੀਤੀ ਨੇ ਸਿਰ ਹਿਲਾ ਕੇ 'ਨਾਂਹ' ਕਿਹਾ।

ਉਸ ਦੀਆਂ ਗੱਲ੍ਹਾਂ ਲਾਲ ਹੋ ਗਈਆਂ ਸਨ। ਅਜਿਹਾ ਲੱਗਿਆ ਜਿਵੇਂ ਉਸਨੂੰ ਬੁਖ਼ਾਰ ਹੋਵੇ।

ਸੋਨਾ ਦੀਦੀ ਨੇ ਪੁੱਛਿਆ, "ਤੁਹਾਡੀ ਤਬੀਅਤ ਠੀਕ ਹੈ?"

ਪ੍ਰੀਤੀ ਨੇ ਫਿਰ ਸਿਰ ਹਿਲਾਇਆ, ਪਰ
ਉਨ੍ਹਾਂ ਵੱਲ ਨਹੀਂ ਦੇਖਿਆ।




ਪ੍ਰੀਤੀ ਇੰਨੀ ਉਦਾਸ ਕਿਉਂ ਲੱਗ ਰਹੀ ਹੈਂ?
“ਤੇਰਾ ਭਰਾ ਠੀਕ ਹੈ?”
“ਤੇਰਾ ਪਾਲਤੂ ਕੁੱਤਾ ਤਾਂ ਠੀਕ ਹੈ ਨਾ?”



"ਕੀ ਤੇਰੇ ਦਾਦੀ ਠੀਕ ਹਨ?"

ਪ੍ਰੀਤੀ ਸਭ ਦੋਸਤਾਂ ਦੇ ਸਵਾਲਾਂ 'ਤੇ ਸਿਰ ਹਿਲਾਉਂਦੀ ਰਹੀ, ਪਰ ਉਸਨੇ ਸਿਰ ਨਾ ਚੁੱਕਿਆ।





ਟਿੰਕੂ ਨੂੰ ਇੱਕ ਉਪਾਅ ਸੁੱਝਿਆ।
ਉਸ ਨੇ ਆਪਣਾ ਬਸਤਾ ਖੋਲ੍ਹਿਆ ਅਤੇ
ਉਸ ਵਿੱਚੋਂ ਕੁਝ ਕੱਢਿਆ। ਜਿਵੇਂ ਹੀ
ਉਹ ਪ੍ਰੀਤੀ ਨੂੰ ਦਿਖਾਉਣ ਲਈ ਭੱਜਿਆ,
ਉਹ ਚੀਜ਼ ਉਸ ਦੇ ਹੱਥ ਵਿੱਚੋਂ ਛੁੱਟ ਗਈ।

ਪ੍ਰੀਤੀ ਨੇ ਦੇਖਿਆ ਕਿ ਕੋਈ ਚੀਜ਼ ਉੱਡ ਕੇ ਉਸ
ਕੋਲ ਆ ਰਹੀ ਹੈ। ਉਸਨੇ ਉਸਨੂੰ ਫੜ ਲਿਆ।







ਉਸ ਨੇ ਦੇਖਿਆ, ਇੱਕ ਵੱਡਾ ਸਾਰਾ ਰਬੜ ਦਾ ਡੱਡੂ! ਉਸ ਦੀਆਂ ਅੱਖਾਂ ਖੁੱਲ੍ਹੀਆਂ ਰਹਿ ਗਈਆਂ ਅਤੇ ਮੂੰਹ ਵੀ ਖੁੱਲ੍ਹੇ ਦਾ ਖੁੱਲ੍ਹਾ ਰਹਿ ਗਿਆ।

ਫਿਰ ਉਹ ਜ਼ੋਰ ਨਾਲ਼ ਹੱਸੀ। ਤਦ ਟਿੰਕੂ ਅਤੇ ਬਾਕੀ ਸਭ ਨੇ ਦੇਖਿਆ ਕਿ ਉਹ ਕਿਉਂ ਪੂਰਾ ਦਿਨ ਨਹੀਂ ਹੱਸੀ ਅਤੇ ਨਾ ਗੱਲਾਂ ਕਰ ਰਹੀ ਸੀ। ਕਿਉਂਕਿ ਉਸ ਦੇ ਦੋ ਦੰਦ ਜੋ ਗ਼ਾਇਬ ਸਨ!

ਪ੍ਰੀਤੀ ਬਹੁਤ ਚੁਲਬੁਲੀ ਲੜਕੀ ਹੈ ਅਤੇ ਉਸਨੂੰ ਕਦੇ ਕਿਸੇ ਨੇ ਉਦਾਸ ਨਹੀਂ ਸੀ ਦੇਖਿਆ। ਪਰ ਇੱਕ ਦਿਨ ਉਹ ਬਿਲਕੁਲ ਚੁੱਪ ਸੀ। ਆਖ਼ਿਰ ਉਸਨੂੰ ਕੀ ਹੋਇਆ ਸੀ?

***Hassna Mna Hai*** (Punjabi), translated by Pawandeep Kaur, text and illustrations adapted from original story ***No Smiles Today*** (English), written by Cheryl Rao, illustrated by Saurabh Pandey, supported by HDFC Asset Management Company Limited, published by Pratham Books (© Pratham Books, 2015) under a CC BY 4.0 license on StoryWeaver. Read, create and translate stories for free on www.storyweaver.org.in

PRATHAM BOOKS
storyweaver

StoryWeaver is a digital repository of multilingual stories for children from Pratham Books. Now, every child can have access to an endless stream of stories in her mother tongue to read and enjoy.

PRATHAM BOOKS
A Book in Every Child's Hand

Pratham Books is a not-for-profit organization that publishes books in multiple Indian languages to promote reading among children.

PRATHAM

Pratham is an innovative learning organization created to improve the quality of education in India.

ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ, ਮੁਹਾਲੀ